# ਨਕਲਚੀ ਬਾਂਦਰ

ਇੱਕ ਟੋਪੀਆਂ ਵੇਚਣ ਵਾਲਾ ਸੀ। ਉਹ ਜੰਗਲ ਵਿੱਚੋਂ ਲੰਘ ਰਿਹਾ ਸੀ । ਉਹ ਚਲਦੇ-ਚਲਦੇ ਥੱਕ ਗਿਆ ਤੇ ਰੁੱਖ ਹੇਠ ਅਰਾਮ ਕਰਨ ਲਈ ਬੈਠ ਗਿਆ। ਜਲਦੀ ਹੀ ਉਹ ਸੌਂ ਗਿਆ। ਬਾਂਦਰਾ ਨੇ ਵੇਖਿਆ ਕਿ ਟੋਪੀਆਂ ਵੇਚਣ ਵਾਲਾ ਸੌਂ ਗਿਆ ਹੈ ਬਾਂਦਰਾ ਨੇ ਉਸਦੇ ਥੈਲੇ ਵਿੱਚੋਂ ਸਾਰੀਆਂ ਟੋਪੀਆਂ ਕੱਢ ਲਈਆਂ । ਜਦੋਂ ਟੋਪੀਆਂ ਵੇਚਣ ਵਾਲਾ ਉਠਿਆ ਉਸਨੇ ਵੇਖਿਆ ਕਿ ਉਸਦਾ ਥੈਲਾ ਖਾਲੀ ਹੈ। ਸਾਰੀਆਂ ਟੋਪੀਆਂ ਬਾਂਦਰਾ ਦੇ ਸਿਰਾਂ ਉੱਪਰ ਸਨ। ਟੋਪੀਆਂ ਵੇਚਣ ਵਾਲੇ ਨੇ ਬਾਂਦਰਾ ਤੋਂ ਟੋਪੀਆਂ ਵਾਪਸ ਲੈਣ ਲਈ ਬਹੁਤ ਕੋਸ਼ਿਸ਼ ਕੀਤੀ ਪਰ ਉਹ ਬਾਂਦਰਾ ਤੋਂ ਟੋਪੀਆਂ ਵਾਪਸ ਨਾ ਲੈ ਸਕਿਆ । ਆਖਿਰ ਉਸਨੇ ਗੁੱਸੇ ਵਿੱਚ ਇੱਕ ਪੱਥਰ ਬਾਂਦਰਾ ਵੱਲ ਮਾਰਿਆ । ਬਾਂਦਰ ਵੀ ਫਲ ਤੋੜ ਕੇ ਟੋਪੀਆਂ ਵੇਚਣ ਵਾਲੇ ਵੱਲ ਸੁੱਟਣ ਲੱਗੇ । ਟੋਪੀਆਂ ਵੇਚਣ ਵਾਲੇ ਨੂੰ ਖਿਆਲ ਆਇਆ ਕਿ ਬਾਂਦਰ ਬਹੁਤ ਨਕਲਚੀ ਹੁੰਦੇ ਹਨ। ਟੋਪੀਆਂ ਵੇਚਣ ਵਾਲੇ ਨੇ ਆਪਣੀ ਟੋਪੀ ਸਿਰ ਉਪਰੋਂ ਉਤਾਰੀ ਅਤੇ ਜ਼ਮੀਨ ਉੱਪਰ ਸੁੱਟ ਦਿੱਤੀ । ਸਾਰੇ ਬਾਂਦਰਾ ਨੇ ਨਕਲ ਕਰਦੇ ਹੋਏ ਟੋਪੀਆਂ ਜ਼ਮੀਨ ਉੱਪਰ ਸੁੱਟ ਦਿੱਤੀਆਂ । ਟੋਪੀਆਂ ਵੇਚਣ ਵਾਲੇ ਨੂੰ ਸਾਰੀਆਂ ਟੋਪੀਆਂ ਵਾਪਸ ਮਿਲ ਗਈਆਂ।

ਸਿੱਖਿਆ:- ਹਰ ਇੱਕ ਮੁਸ਼ਕਲ ਦਾ ਹਲ ਹੁੰਦਾ ਹੈ।